# ਪੰਜਾਬੀ ਭਾਸ਼ਾ ਪਸਾਰ ਭਾਈਚਾਰਾ

o/c

ਹਵਾਲਾ ਨੰ: 830-34

ਮਿਤੀ : 31-12-2019

ਸੇਵਾ ਵਿਖੇ

ਚੇਅਰਮੈਨ
ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ
ਪਟਿਆਲਾ।

ਬੇਨਤੀ: ਪੰਜਾਬ ਰਾਜ ਭਾਸ਼ਾ ਐਕਟ 1967 ਦੀ ਧਾਰਾ 3 ਰਾਹੀਂ ਪੰਜਾਬੀ ਨੂੰ ਰਾਜ ਭਾਸ਼ਾ ਦਾ ਦਰਜਾ ਦੇਣ ਵਾਲੀ ਵਿਵਸਥਾ ਦਾ ਸਨਮਾਨ ਕਰਦੇ ਹੋਏ, ਪੀ.ਐਸ.ਪੀ.ਸੀ.ਐਲ. ਵੱਲੋਂ ਨੌਕਰੀਆਂ ਵਿਚ ਭਰਤੀ ਕਰਨ ਲਈ ਲਏ ਜਾਂਦੇ ਇਮਤਿਹਾਨਾਂ ਦੇ ਪ੍ਰਸ਼ਨ-ਪੱਤਰ ਪੰਜਾਬੀ ਵਿਚ ਵੀ ਤਿਆਰ ਕਰਨ ਲਈ ਬੇਨਤੀ।

**ਬੇਨਤੀ ਪੱਤਰ**

ਪੰਜਾਬੀ ਭਾਸ਼ਾ ਪਸਾਰ ਭਾਈਚਾਰਾ ਜੋ ਕਿ ਪੰਜਾਬੀ ਭਾਸ਼ਾ ਦੇ ਪਸਾਰ ਅਤੇ ਪ੍ਰਚਾਰ ਲਈ ਯਤਨਸ਼ੀਲ ਹੈ, ਬੜੇ ਹੀ ਸਤਿਕਾਰ ਨਾਲ ਆਪ ਜੀ ਨੂੰ ਹੇਠ ਲਿਖੇ ਅਨੁਸਾਰ ਬੇਨਤੀ ਕਰਦਾ ਹੈ:

ਇਹਨੀਂ ਦਿਨੀਂ ਪੰਜਾਬ ਦੀ ਜਵਾਨੀ ਘੋਰ ਸੰਕਟ ਵਿਚੋਂ ਦੀ ਲੰਘ ਰਹੀ ਹੈ। ਨੌਜਵਾਨਾਂ ਦੀ ਵੱਡੀ ਗਿਣਤੀ ਵਿਦੇਸ਼ਾਂ ਨੂੰ ਪਲਾਇਨ ਕਰ ਰਹੀ ਹੈ ਅਤੇ ਬਚਦੀ ਮਾਰੂ ਨਸ਼ਿਆਂ ਦਾ ਸ਼ਿਕਾਰ ਹੋ ਰਹੀ ਹੈ। ਪੰਜਾਬੀ ਭਾਸ਼ਾ ਪਸਾਰ ਭਾਈਚਾਰੇ ਦਾ ਮੰਨਣਾ ਹੈ ਕਿ ਨੌਜਵਾਨਾਂ ਵਿਚ ਫ਼ੈਲੀ ਘੋਰ ਨਿਰਾਸ਼ਾ ਦਾ ਕਾਰਨ, ਪੰਜਾਬ ਵਿਚ **ਉਨ੍ਹਾਂ ਲਈ ਸਤਿਕਾਰ ਯੋਗ ਰੁਜ਼ਗਾਰ ਉਪਲਬਧ ਨਾ ਹੋਣਾ ਹੈ।** ਭਾਈਚਾਰੇ ਦਾ ਇਹ ਵੀ ਮੰਨਣਾ ਹੈ ਕਿ ਛੋਟੇ ਸ਼ਹਿਰਾਂ, ਕਸਬਿਆਂ ਅਤੇ ਪਿੰਡਾਂ ਵਿਚ ਵੱਸਦੇ ਨੌਜਵਾਨਾਂ ਦੀ ਬੇਰੁਜ਼ਗਾਰੀ ਦਾ ਵੱਡਾ ਕਾਰਨ, ਉਨ੍ਹਾਂ ਦਾ ਅੰਗਰੇਜ਼ੀ ਭਾਸ਼ਾ ਵਿਚ ਮੁਹਾਰਤ ਨਾ ਰੱਖਣਾ ਅਤੇ ਪੰਜਾਬੀ ਦੀ ਪੰਜਾਬ ਵਿਚ ਹੀ ਨਹੀਂ ਸਗੋਂ ਰਾਸ਼ਟਰੀ ਪੱਧਰ ਤੇ ਵੀ ਰੁਜ਼ਗਾਰ ਉਪਲਬਧ ਕਰਾਉਣ ਦੀ ਸਮਰੱਥਾ ਦਾ ਘਟ ਜਾਣਾ ਹੈ।

ਅੱਧੀ ਸਦੀ ਪਹਿਲਾਂ ਸਾਡੇ ਪੂਰਵਜਾਂ ਨੇ 'ਪੰਜਾਬੀ ਸੂਬੇ' ਦੀ ਸਥਾਪਨਾ ਸਮੇਂ ਕੇਵਲ ਇਸ ਲਈ ਕੁਰਬਾਨੀਆਂ ਦਿੱਤੀਆਂ ਸਨ ਤਾਂ ਜੋ ਪੰਜਾਬੀਆਂ ਦੀ ਮਾਂ ਬੋਲੀ ਪੰਜਾਬੀ ਦਾ ਸਰਕਾਰ, ਰੁਜ਼ਗਾਰ, ਵਿਓਪਾਰ ਅਤੇ ਸਿੱਖਿਆ ਵਿਚ ਬੋਲਬਾਲਾ ਹੋ ਸਕੇ। ਇਨ੍ਹਾਂ ਕੁਰਬਾਨੀਆਂ ਨੂੰ ਮਾਣ ਬਖ਼ਸ਼ਦੇ ਹੋਏ, ਸਾਲ 1967 ਵਿਚ, ਉਸ ਸਮੇਂ ਦੀ ਪੰਜਾਬ ਸਰਕਾਰ ਵੱਲੋਂ 'ਪੰਜਾਬ ਰਾਜ ਭਾਸ਼ਾ ਐਕਟ-1967' ਪਾਸ ਕਰਕੇ, ਪੰਜਾਬੀ ਨੂੰ 'ਰਾਜ ਭਾਸ਼ਾ ਦਾ ਦਰਜਾ ਦਿੱਤਾ ਗਿਆ। ਫੇਰ ਸਾਲ 2008 ਵਿਚ, ਇਸ ਕਾਨੂੰਨ ਵਿਚ ਮਹੱਤਵਪੂਰਨ ਸੋਧਾਂ ਕਰਕੇ, ਪੰਜਾਬ ਸਰਕਾਰ ਦੇ ਦਫ਼ਤਰਾਂ ਵਿਚ ਹੁੰਦੇ 'ਸਾਰੇ ਦਫ਼ਤਰੀ ਕੰਮ-ਕਾਜ ਅਤੇ 'ਜ਼ਿਲ੍ਹਾ ਅਦਾਲਤਾਂ ਵਿਚ ਹੁੰਦੇ ਅਦਾਲਤੀ ਕੰਮ-ਕਾਜ ਨੂੰ ਪੰਜਾਬੀ ਵਿਚ ਕੀਤੇ ਜਾਣ' ਦੀਆਂ ਵਿਵਸਥਾਵਾਂ ਕੀਤੀਆਂ ਗਈਆਂ। ਪੰਜਾਬ ਸਰਕਾਰ ਆਪਣੇ ਵਿਭਾਗਾਂ ਦੇ ਮੁੱਖੀਆਂ ਨੂੰ ਇਨ੍ਹਾਂ ਵਿਵਸਥਾਵਾਂ ਨੂੰ ਲਾਗੂ ਕਰਨ ਲਈ ਵਾਰ-ਵਾਰ ਹਦਾਇਤਾਂ ਜਾਰੀ ਕਰਦੀ ਹੈ। (ਸਬੰਧਤ ਕਾਨੂੰਨੀ ਵਿਵਸਥਾਵਾਂ ਅਤੇ ਪੰਜਾਬ ਸਰਕਾਰ ਵੱਲੋਂ ਜਾਰੀ ਕੀਤੇ

PUNJABI BHASHA PASAAR BHAICHARA
ਸੰਪਰਕ/Contact : punjabibpbhaichara@gmail.com www.punjabibhashapasaarbhaichara.org
ਸਿਵਿਲ ਲਾਈਨਜ਼, ਲੁਧਿਆਣਾ।

ਨਵੇਂ ਹੁਕਮਾਂ ਦੀਆਂ ਨਕਲਾਂ ਨੱਥੀ ਕੀਤੀਆਂ ਜਾਂਦੀਆਂ ਹਨ।) ਇਨ੍ਹਾਂ ਕਾਨੂੰਨੀ ਵਿਵਸਥਾਵਾਂ ਅਤੇ ਹਦਾਇਤਾਂ ਦਾ, ਹੋਰਾਂ ਦੇ ਨਾਲ-ਨਾਲ, ਇਕ ਸਪੱਸ਼ਟ ਉਦੇਸ਼ ਪੰਜਾਬੀ ਪੜ੍ਹੇ ਨੌਜਵਾਨਾਂ ਨੂੰ **ਵੱਡੇ ਪੱਧਰ ਤੇ ਰੁਜ਼ਗਾਰ ਉਪਲਬਧ ਕਰਾਉਣਾ ਹੈ।**

ਆਪ ਜੀ ਦੇ ਧਿਆਨ ਵਿਚ ਬੜੇ ਦੁੱਖ ਨਾਲ ਲਿਆਂਦਾ ਜਾ ਰਿਹਾ ਹੈ ਕਿ **ਪੰਜਾਬੀ ਦੇ ਪੰਜਾਬ ਰਾਜ ਦੀ ਰਾਜ ਭਾਸ਼ਾ ਹੋਣ ਦੇ ਬਾਵਜੂਦ,** ਪੀ.ਐਸ.ਪੀ.ਸੀ.ਐਲ. ਵੱਲੋਂ, ਕਾਰਪੋਰੇਸ਼ਨ ਦੇ ਦਫ਼ਤਰਾਂ ਵਿਚ ਨੌਕਰੀਆਂ ਲਈ ਭਰਤੀ ਕਰਨ ਲਈ ਜੋ ਇਮਤਿਹਾਨ ਲਏ ਜਾਂਦੇ ਹਨ ਉਨ੍ਹਾਂ ਦੇ ਪ੍ਰਸ਼ਨ- ਪੱਤਰ ਕੇਵਲ ਅੰਗਰੇਜ਼ੀ ਵਿਚ ਹੁੰਦੇ ਹਨ। ਉਸ ਸਮੇਂ ਅਫ਼ਸੋਸ ਜ਼ਿਆਦਾ ਹੁੰਦਾ ਹੈ ਜਦੋਂ ਅਜਿਹੀਆਂ ਨੌਕਰੀਆਂ ਲਈ, ਜਿਨ੍ਹਾਂ ਵਿਚ ਅੰਗਰੇਜ਼ੀ ਭਾਸ਼ਾ ਦੀ ਜ਼ਰੂਰਤ ਹੀ ਨਹੀਂ ਹੁੰਦੀ, ਦੇ ਪ੍ਰਸ਼ਨ-ਪੱਤਰ ਵੀ ਕੇਵਲ ਅੰਗਰੇਜ਼ੀ ਵਿਚ ਹੁੰਦੇ ਹਨ। ਉਦਾਹਰਣ ਜੂਨੀਅਰ ਇੰਜਨੀਅਰ ਅਤੇ ਲੇਖਾਕਾਰ ਦੀਆਂ ਅਸਾਮੀਆਂ ਲਈ ਹੁੰਦੇ ਇਮਤਿਹਾਨਾਂ ਦੇ ਪ੍ਰਸ਼ਨ-ਪੱਤਰਾਂ ਦੀ ਲਈ ਜਾ ਸਕਦੀ ਹੈ। ਆਪ ਜੀ ਨੂੰ ਪਤਾ ਹੀ ਹੈ ਕਿ ਡਿਪਲੋਮਾ ਪ੍ਰਾਪਤ ਕਰਨ ਲਈ ਪੋਲੀਟੈਕਨਿਕ ਕਾਲਜਾਂ ਵਿਚ ਕੇਵਲ ਉਹ ਵਿਦਿਆਰਥੀ ਹੀ ਦਾਖਲਾ ਲੈਂਦੇ ਹਨ ਜਿਹੜੇ ਅੰਗਰੇਜ਼ੀ ਨਾ ਆਉਣ ਕਾਰਨ ਉਚੇਰੀ ਪੜ੍ਹਾਈ ਜਾਰੀ ਰੱਖਣ ਵਿਚ ਅਸਮਰੱਥ ਹੁੰਦੇ ਹਨ। ਕਾਰਪੋਰੇਸ਼ਨ ਦੇ ਪ੍ਰਸ਼ਨ-ਪੱਤਰਾਂ ਦੇ ਕੇਵਲ ਅੰਗਰੇਜ਼ੀ ਵਿਚ ਹੋਣ ਕਾਰਨ, ਅਕਸਰ ਅੰਗਰੇਜ਼ੀ ਭਾਸ਼ਾ ਵਿਚ ਮੁਹਾਰਤ ਨਾ ਰੱਖਣ ਵਾਲੇ ਉਮੀਦਵਾਰ, ਸਵਾਲਾਂ ਦੇ ਜਵਾਬ ਪਤਾ ਹੁੰਦੇ ਹੋਏ ਵੀ, ਪ੍ਰਸ਼ਨ ਦਾ ਸਹੀ ਉੱਤਰ ਨਹੀਂ ਦੇ ਸਕਦੇ। ਨਤੀਜਨ ਉਹ ਅੰਗਰੇਜ਼ੀ ਵਿਚ ਮੁਹਾਰਤ ਰੱਖਣ ਵਾਲੇ ਉਮੀਦਵਾਰਾਂ ਤੋਂ, ਵੱਧ ਗਿਆਨ ਰੱਖਦੇ ਹੋਏ ਵੀ,ਪੱਛੜ ਜਾਂਦੇ ਹਨ।

ਪੰਜਾਬੀ ਭਾਸ਼ਾ ਪਸਾਰ ਭਾਈਚਾਰਾ ਆਪ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹੈ ਕਿ ਭਾਰਤ ਦੇ ਲਗਭਗ ਸਾਰੇ ਰਾਜਾਂ ਦੇ ਪਬਲਿਕ ਸਰਵਿਸ ਕਮਿਸ਼ਨਾਂ ਵੱਲੋਂ ਲਏ ਜਾਂਦੇ ਇਮਤਿਹਾਨਾਂ ਲਈ ਜੋ ਪ੍ਰਸ਼ਨ-ਪੱਤਰ ਤਿਆਰ ਕੀਤੇ ਜਾਂਦੇ ਹਨ ਉਹ ਅੰਗਰੇਜ਼ੀ ਦੇ ਨਾਲ-ਨਾਲ, ਉਨ੍ਹਾਂ ਕਮਿਸ਼ਨਾਂ ਦੇ ਰਾਜ ਦੀ ਰਾਜ ਭਾਸ਼ਾ ਵਿਚ ਵੀ ਹੁੰਦੇ ਹਨ। ਉਮੀਦਵਾਰਾਂ ਨੂੰ ਪ੍ਰਸ਼ਨਾਂ ਦੇ ਉੱਤਰ ਆਪਣੀ ਮਾਤ-ਭਾਸ਼ਾ/ਰਾਜ ਭਾਸ਼ਾ ਵਿਚ ਦੇਣ ਦੀ ਖੁਲ ਹੁੰਦੀ ਹੈ। ਇਹ ਸ਼ਲਾਘਾ ਯੋਗ ਕੰਮ, ਆਪਣੀਆਂ ਆਪਣੀਆਂ ਮਾਤ ਭਾਸ਼ਾਵਾਂ ਨੂੰ ਪਿਆਰ ਕਰਨ ਲਈ ਜਾਣੇ ਜਾਂਦੇ, ਦੱਖਣ ਦੇ ਤਮਿਲਨਾਡੂ ਅਤੇ ਕਰਨਾਟਕ ਹੀ ਨਹੀਂ ਕਰ ਰਹੇ ਸਗੋਂ ਸਾਡੇ ਗੁਆਂਢੀ ਰਾਜਾਂ ਦੇ (ਹਿਮਾਚਲ ਪ੍ਰਦੇਸ਼, ਹਰਿਆਣਾ, ਉੱਤਰ ਪ੍ਰਦੇਸ਼, ਉੱਤਰਾਖੰਡ, ਬਿਹਾਰ ਅਤੇ ਮੱਧ ਪ੍ਰਦੇਸ਼) ਕਮਿਸ਼ਨ ਵੀ ਪਿੱਛੇ ਨਹੀਂ ਹਨ। ਸਬੂਤ ਵਜੋਂ, ਇਨ੍ਹਾਂ ਕਮਿਸ਼ਨਾਂ ਦੀਆਂ ਵੈਬਸਾਈਟਾਂ ਤੋਂ ਪ੍ਰਾਪਤ ਪਿਛਲੇ ਇਮਤਿਹਾਨਾਂ ਦੇ ਕੁਝ ਪ੍ਰਸ਼ਨ-ਪੱਤਰ ਨੱਥੀ (ਪੀ.ਡੀ.ਐਫ. ਫਾਈਲਾਂ ਅਟੈਚ) ਕੀਤੇ ਜਾਂਦੇ ਹਨ।

ਭਾਈਚਾਰਾ ਮਹਿਸੂਸ ਕਰਦਾ ਹੈ ਕਿ ਪੀ.ਐਸ.ਪੀ.ਸੀ.ਐਲ. ਅਣਜਾਣਪੁਣੇ ਵਿਚ ਹੀ, ਛੋਟੀਆਂ ਨੌਕਰੀਆਂ ਲਈ ਕੇਵਲ ਅੰਗਰੇਜ਼ੀ ਵਿਚ ਪ੍ਰਸ਼ਨ-ਪੱਤਰ ਤਿਆਰ ਕਰਕੇ, ਜਿੱਥੇ ਪੰਜਾਬੀ ਭਾਸ਼ਾ ਵਿਚ ਨਿਪੁੰਨਤਾ ਰਖਣ ਵਾਲੇ ਉਮੀਦਵਾਰਾਂ ਲਈ ਰੁਜ਼ਗਾਰ ਦੇ ਮੌਕੇ ਘਟਾ ਰਿਹਾ ਹੈ, ਉੱਥੇ 'ਸਾਧਨ ਸੰਪੰਨ ਵਰਗ' ਨਾਲ ਸਬੰਧਤ ਉਮੀਦਵਾਰਾਂ (ਜਿਨ੍ਹਾਂ ਦਾ ਪਾਲਣ-ਪੋਸ਼ਣ ਅੰਗਰੇਜ਼ੀ ਮਾਹੌਲ, ਸਿੱਖਿਆ ਮਹਿੰਗੇ ਅੰਗਰੇਜ਼ੀ ਸਕੂਲਾਂ ਵਿਚ ਹੋਈ ਹੁੰਦੀ ਹੈ, ਜਿਨ੍ਹਾਂ ਦਾ ਪਹਿਲਾਂ ਹੀ ਸਰਕਾਰੀ ਨੌਕਰੀਆਂ ਤੇ ਕਬਜ਼ਾ ਹੈ, ਅਤੇ ਜੋ ਸਧਾਰਨ ਵਰਗ ਨੂੰ ਹਾਸ਼ੀਏ ਤੇ ਪਹੁੰਚਾਉਣ ਲਈ ਜ਼ਿੰਮੇਵਾਰ ਹਨ) ਦਾ ਪੱਖ ਪੂਰ ਰਹੀ ਹੈ।

ਪੰਜਾਬੀ ਭਾਸ਼ਾ ਪਸਾਰ ਭਾਈਚਾਰੇ ਵੱਲੋਂ ਆਪ ਜੀ ਨੂੰ ਬੇਨਤੀ ਹੈ ਕਿ ਉਕਤ ਹਾਲਾਤਾਂ ਨੂੰ ਧਿਆਨ ਵਿਚ ਰੱਖਦੇ ਹੋਏ, ਪੰਜਾਬੀ ਨੂੰ ਸਹੀ ਅਰਥਾਂ ਵਿਚ 'ਰਾਜ ਭਾਸ਼ਾ ਦਾ ਦਰਜਾ ਦਿੰਦੇ ਹੋਏ, ਪੰਜਾਬੀ ਭਾਸ਼ਾ ਵਿਚ ਨਿਪੁੰਨਤਾ ਰੱਖਣ ਵਾਲੀ ਪੇਂਡੂ ਜਵਾਨੀ ਨੂੰ ਰੁਜ਼ਗਾਰ ਦੇ ਵੱਧੋ-ਵੱਧ ( ਘੱਟੋ ਘੱਟ ਬਰਾਬਰ ਦੇ) ਮੌਕੇ ਉਪਲਬਧ ਕਰਵਾਉਂਦੇ ਹੋਏ, ਅੱਗੋਂ ਤੋਂ, ਕਾਰਪੋਰੇਸ਼ਨ ਵੱਲੋਂ ਆਪਣੇ ਦਫ਼ਤਰਾਂ ਵਿਚ ਨੌਕਰੀਆਂ ਉਪਲਬਧ ਕਰਾਉਣ ਲਈ ਲਏ ਜਾਂਦੇ ਇਮਤਿਹਤਨਾਂ ਦੇ ਪ੍ਰਸ਼ਨ-ਪੱਤਰ, ਅੰਗਰੇਜ਼ੀ ਦੇ ਨਾਲ-ਨਾਲ ਪੰਜਾਬੀ ਵਿਚ ਵੀ ਤਿਆਰ ਕੀਤੇ ਜਾਣ। ਉਮੀਦਵਾਰਾਂ ਨੂੰ ਆਪਣੀ ਮਾਤ ਭਾਸ਼ਾ ਵਿਚ ਉੱਤਰ ਦੇਣ ਦੀ ਖੁਲ਼ ਦਿਤੀ ਜਾਵੇ ਤਾਂ ਜੋ ਹਰ ਵਰਗ ਨਾਲ ਸਬੰਧਤ ਪੰਜਾਬੀ ਨੂੰ ਰੋਜਗਾਰ ਪ੍ਰਾਪਤ ਕਰਨ ਦੇ ਆਪਣੇ ਮੁੱਢਲੇ ਅਤੇ ਸੰਵਿਧਾਨਿਕ ਅਧਿਕਾਰ ਪ੍ਰਾਪਤ ਹੋ ਸਕਣ।

ਉਸਾਰੂ ਹੁੰਘਾਰੇ ਦੀ ਆਸ ਨਾਲ।

ਪ੍ਰਾਰਥੀ

(ਇੰਦਰਪਾਲ ਸਿੰਘ)
ਸਹਾਇਕ ਸੰਚਾਲਕ

(ਦਵਿੰਦਰ ਸਿੰਘ ਸੇਖਾ)
ਸਹਾਇਕ ਸੰਚਾਲਕ

(ਮਿੱਤਰ ਸੈਨ ਮੀਤ)
ਸਹਾਇਕ ਸੰਚਾਲਕ

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ/ਯੋਗ ਕਾਰਵਾਈ ਹਿਤ ਭੇਜਿਆ ਜਾਂਦਾ ਹੈ:

1. ਮਾਣਯੋਗ ਰਾਜਪਾਲ, ਪੰਜਾਬ ਸਰਕਾਰ, ਪੰਜਾਬ ਭਵਨ, ਚੰਡੀਗੜ੍ਹ। admr-chd@nic.in
2. ਮਾਣਯੋਗ ਮੁੱਖ ਮੰਤਰੀ, ਪੰਜਾਬ। cmo@punjab.gov.in
3. ਬਿਜਲੀ ਮੰਤਰੀ, ਪੰਜਾਬ ਸਰਕਾਰ, ਪੰਜਾਬ।
4. ਮੁੱਖ ਸਕੱਤਰ, ਪੰਜਾਬ ਸਰਕਾਰ, ਪੰਜਾਬ। cs@punjab.gov.in

**ਨੱਥੀ:** ਪ੍ਰਸ਼ਨ ਪੱਤਰਾਂ ਦੇ ਨਮੂਨੇ (PDF Files) ਪਹਿਲਾਂ ਹੀ ਈ ਮੇਲ ਰਾਹੀਂ ਭੇਜੀ ਚਿੱਠੀ ਨਾਲ ਭੇਜ ਦਿੱਤੇ ਗਏ ਹਨ।